# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

**ਈ-ਬਲਾਕ, ਚੋਥੀ ਮੰਜ਼ਿਲ, ਪੰ.ਸ.ਸਿੱ.ਬੋ. ਫੇਸ-8, ਮੋਹਾਲੀ**

---

ਵੱਲੋਂ

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ)
ਪੰਜਾਬ।

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਪੰਜਾਬ।

ਹੁਕਮ ਨੰ. ਸਟੈਨੋ/ਡੀ.ਡੀ.ਐਸ.ਏ/ਰੈਸ਼ਨ/ਸਪੈਸ਼ਲ-1
ਮਿਤੀ: 08.05.2014

**ਵਿਸ਼ਾ: ਸਾਲ 2014-15 ਵਿਚ ਰਾਜ ਦੇ ਸਰਕਾਰੀ ਸਕੂਲਾਂ ਵਿਚ ਸਾਇੰਸ ਗਰੁੱਪਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਸਾਇੰਸ ਗਰੁੱਪਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਨ ਬਾਰੇ।**

1 ਉਪਰੋਕਤ ਵਿਸ਼ੇ ਵੱਲ ਧਿਆਨ ਦਿੰਦੇ ਹੋਏ ਨਿਮਨਲਿਖਤ ਅਨੁਸਾਰ ਕਾਰਵਾਈ ਕਰਕੇ ਮਿਤੀ 09.05.14 ਤੱਕ ਸਾਰੀ ਸੂਚਨਾਂ/ਤਜਵੀਜ ਭੇਜੀ ਜਾਵੇ।

(1) ਮਿਤੀ 28.02.14 ਦੀ ਗਿਣਤੀ ਨੂੰ ਅਧਾਰ ਮੰਨਦੇ ਹੋਏ ਸਾਇੰਸ ਗਰੁੱਪਾਂ ਵਾਲੇ ਉਨ੍ਹਾਂ ਸਕੂਲਾਂ ਦੇ ਗਰੁੱਪਾਂ, ਜਿਨ੍ਹਾਂ ਵਿਚ ਗਿਆਰਵੀਂ ਜਾ ਬਾਰ੍ਹਵੀਂ, ਕਿਸੇ ਵੀ ਇੱਕ ਜਮਾਤ ਵਿਚ ਵਿਦਿਆਰਥੀਆਂ ਦੀ ਗਿਣਤੀ (ਮੈਡੀਕਲ ਅਤੇ ਨਾਨ ਮੈਡੀਕਲ) 15 ਜਾਂ 15 ਤੋਂ ਵੱਧ ਜਾਂ 10+1 ਅਤੇ 10+2 ਦੋਵੇ ਜਮਾਤਾਂ ਵਿਚ ਵਿਦਿਆਰਥੀਆਂ ਦੀ ਕੁੱਲ ਗਿਣਤੀ (ਮੈਡੀਕਲ ਅਤੇ ਨਾਨ ਮੈਡੀਕਲ) 25 ਜਾਂ 25 ਤੋਂ ਵੱਧ ਹੈ, ਨੂੰ ਹੈਲਥੀ (ਚੱਲਣਯੋਗ) ਗਰੁੱਪ ਮੰਨਕੇ ਇਨ੍ਹਾਂ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ ।

(2) ਉਹ ਸਕੂਲ ਜੋ ਉਪਰੋਕਤ ਲੜੀ ਨੰ. (1) ਅਨੁਸਾਰ ਵਿਦਿਆਰਥੀਆਂ ਦੀ ਗਿਣਤੀ ਦੀ ਸਰਤ ਪੂਰੀ ਨਹੀਂ ਕਰਦੇ ਤਾਂ ਉਹਨਾਂ ਨੂੰ ਨਾ - ਚੱਲਣਯੋਗ ( ਡੈਡ ਗਰੁੱਪ) ਮੰਨਿਆ ਜਾਵੇ।

(3) ਹੈਲਥੀ ਗਰੁੱਪਾਂ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਡੈਡ ਗਰੁੱਪਾਂ ਵਿੱਚ ਕੰਮ ਕਰਦੇ ਸਰਪਲੱਸ ਲੈਕਚਰਾਰਾਂ / ਅਸਾਮੀਆਂ ਨੂ ਲੋੜ ਅਨੁਸਾਰ ਹੈਲਥੀ ਗਰੁੱਪਾਂ ਵਿੱਚ ਸਿਫਟ ਕਰਨ ਦੀ ਤਜਵੀਜ ਨਾਲ ਨੱਥੀ ਪ੍ਰੋਫਾਰਮਿਆਂ S-1 ਤੋਂ S-6 ਤੱਕ ਭਰ ਕੇ ਭੇਜੀ ਜਾਵੇ।

(4) ਜਿਲ੍ਹੇ ਅੰਦਰਲੇ ਸਾਇੰਸ ਗਰੁੱਪਾਂ ਵਾਲੇ ਸਕੂਲਾਂ ਵਿਚੋਂ ਸਾਇੰਸ/ਮੈਥ ਲੈਕਚਰਾਰ ਜੇਕਰ ਬੀ.ਆਰ.ਪੀ. ਜਾਂ ਡੀ.ਆਰ.ਪੀ. ਜਾਂ ਵਾਧੂ ਚਾਰਜ਼ ਜਾਂ ਡੈਪੂਟੇਸ਼ਨ ਜਾਂ ਆਰਜ਼ੀ ਪ੍ਰਬੰਧ ਤੇ ਕੰਮ ਕਰਦੇ ਹੋਣ ਤਾਂ ਉਨ੍ਹਾਂ ਨੂੰ ਡੈਡ ਗਰੁੱਪਾਂ ਵਾਲੇ ਸਕੂਲਾਂ ਵਿਚ ਸ਼ਿਫਟ ਕੀਤਾ ਜਾਵੇ। ਪਰ ਲੋੜ ਅਨੁਸਾਰ ਬੀ.ਆਰ.ਪੀ. ਜਾਂ ਡੀ.ਆਰ.ਪੀ. ਜਾਂ ਵਾਧੂ ਚਾਰਜ਼ ਜਾਂ ਡੈਪੂਟੇਸ਼ਨ ਜਾਂ ਆਰਜ਼ੀ ਪ੍ਰਬੰਧ ਤੇ ਕੰਮ ਕਰਦੇ ਸਾਇੰਸ/ਮੈਥ ਲੈਕਚਰਾਰ ਦੇ ਇਸ ਸਬੰਧੀ ਕੀਤੇ ਹੁਕਮਾਂ ਨੂੰ ਰੱਦ ਕਰਕੇ ਉਨ੍ਹਾਂ ਨੂੰ ਚੱਲਣਯੋਗ ਸਾਇੰਸ ਗਰੁੱਪਾਂ ਵਾਲੇ ਸਕੂਲਾਂ ਵਿਚ ਲਗਾਇਆ/ਸ਼ਿਫਟ ਵੀ ਕੀਤਾ ਜਾ ਸਕਦਾ ਹੈ।

(5) ਜਿਲ੍ਹੇ ਵਿਚ ਜੇ ਸਾਇੰਸ/ਮੈਥ ਲੈਕਚਰਾਰ ਵਾਧੂ ਹੋਣ ਕਰਕੇ ਮੰਡਲ ਪੂਲ ਵਿਚ ਭੇਜਣਾ ਹੋਵੇ ਤਾਂ ਜਿਲ੍ਹੇ ਵਿਚ ਲੰਬੀ ਠਹਿਰ ਵਾਲੇ ਵਾਧੂ ਲੈਕਚਰਾਰ ਨੂੰ ਮੰਡਲ ਪੂਲ ਵਿਚ ਸ਼ਿਫਟ ਕਰਨ ਦੀ ਤਜਵੀਜ ਭੇਜੀ ਜਾਵੇ।

(6) ਇਨ-ਸਰਵਿਸ ਟ੍ਰੈਨਿੰਗ ਸੈਂਟਰਾਂ ਵਿਚ ਕੰਮ ਕਰਦੇ ਸਾਇੰਸ/ ਮੈਥ ਲੈਕਚਰਾਰਾਂ / ਐਸ ਐਲ ਏ ਨੂੰ ਵੀ ਚੱਲਣਯੋਗ ਸਾਇੰਸ ਗਰੁੱਪਾਂ ਵਾਲੇ ਸਕੂਲਾਂ ਵਿਚ ਸ਼ਿਫਟ ਕੀਤਾ ਜਾਵੇ।

(7) ਡੈੱਡ ਗਰੁੱਪਾਂ ਵਿਚੋਂ ਚੱਲਣਯੋਗ ਸਾਇੰਸ ਗਰੁੱਪਾਂ ਵਾਲੇ ਸਕੂਲਾਂ ਵਿਚ ਲੋੜ ਅਨੁਸਾਰ ਐੱਸ.ਐੱਲ.ਏ./ਲੈਬ ਦਾ ਸਮਾਨ ਵੀ ਸ਼ਿਫਟ ਕੀਤਾ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਚੱਲਣਯੋਗ ਸਾਇੰਸ ਗਰੁੱਪਾਂ ਵਾਲੇ ਸਕੂਲਾਂ ਵਿਚ ਘੱਟੋਂ ਘੱਟ ਇੱਕ ਐੱਸ.ਐੱਲ.ਏ. ਜਰੂਰ ਹੋਵੇ।

(8) ਸਾਰੇ ਦਸਤਾਵੇਜਾਂ ਦੀਆਂ ਹਾਰਡ ਕਾਪੀਆਂ ਇਸ ਦਫਤਰ ਵਿਖੇ ਭੇਜਣ ਦੇ ਨਾਲ ਨਾਲ, ਪ੍ਰਫੋਰਮਾ ਨੰਬਰ S-1, S-2, S-3 ,S-4 , S-5 ,S-6 ਨੂੰ ਇੱਕਠਿਆਂ ਇੱਕ ਹੀ ਐਕਸਲ ਫਾਇਲ ਵਿੱਚ ਅਲੱਗ- ਅੱਲਗ ਐਕਸਲ ਸ਼ੀਟਾਂ ਵਿੱਚ ਤਿਆਰ ਕਰਕੇ ਸਾਰੇ ਦਸਤਾਵੇਜਾਂ ਦੀ ਸੋਫਟ ਕਾਪੀ ਵੀ hoictadm@gmail.com ਦੀ mail id **ਵਿੱਚ ਵੱਖਰੇ ਤੌਰ ਤੇ ਭੇਜੀ ਜਾਵੇ।**

**ਡ. ਕਮਲ ਗਰਗ**
**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ)**
**ਪੰਜਾਬ**

**ਪਿ.ਅੰ.ਨੰ.** ਸਟੈਨੋ/ਡੀ.ਡੀ.ਐਸ.ਏ/ਰੈਸ਼ਨ/ਸਪੈਸ਼ਲ-2 **ਮਿਤੀ:** 08.05.2014

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(1) ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।

8/5/14
**ਡਿਪਟੀ ਡਾਇਰੈਕਟਰ (ਸਕੂਲ ਪ੍ਰਬੰਧ)**
**ਪੰਜਾਬ**

**ਪਿ.ਅੰ.ਨੰ.** ਸਟੈਨੋ/ਡੀ.ਡੀ.ਐਸ.ਏ/ਰੈਸ਼ਨ/ਸਪੈਸ਼ਲ-3-7 **ਮਿਤੀ:** 08.05.2014

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

(1) ਨਿੱਜੀ ਸਕੱਤਰ, ਸਿੱਖਿਆ ਮੰਤਰੀ, ਪੰਜਾਬ।

(2) ਨਿੱਜੀ ਸਕੱਤਰ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।

(3) ਪੀ.ਏ., ਡੀ.ਜੀ.ਐੱਸ.ਈ. ਪੰਜਾਬ।

(4) ਪੀ.ਏ., ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।

8/5/14
**ਡਿਪਟੀ ਡਾਇਰੈਕਟਰ (ਸਕੂਲ ਪ੍ਰਬੰਧ)**
**ਪੰਜਾਬ**